# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ
# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)

ਪੰ.ਸ.ਸਿੱ.ਬੋ. ਕੰਪਲੈਕਸ, ਈ-ਬਲਾਕ, 5ਵੀਂ ਮੰਜਿਲ, ਫੇਜ਼ 8, ਮੁਹਾਲੀ (ਫੋਨ. 0172-5212313)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਸਮੂਹ ਸਕੂਲ ਮੁਖੀ (ਵੈੱਬ ਸਾਈਟ ਰਾਹੀਂ)

ਪੱਤਰ ਨੰ. 2/5-ICT-2017/Misc./201713898
ਮਿਤੀ 13.12.17

ਵਿਸ਼ਾ: ਜਿਲ੍ਹਾ ਪੱਧਰ ਤੇ **Online Computer Quiz** ਕਰਵਾਉਣ ਸਬੰਧੀ।

ਹਵਾਲਾ: ਪੱਤਰ ਨੰ. 2/5-ICT-2017/Misc./201712788 ਮਿਤੀ 21.11.17 ਦੀ ਲਗਾਤਾਰਤਾ ਵਿੱਚ।

1 ਉਕਤ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਹਦਾਇਤਾਂ ਅਨੁਸਾਰ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 10ਵੀਂ ਕਲਾਸ ਦੇ ਵਿਦਿਆਰਥੀਆਂ ਦਾ ICT ਅਧੀਨ ਆਨ-ਲਾਈਨ ਕੰਪਿਊਟਰ ਕੁਇਜ਼ ਸਾਫਟਵੇਅਰ ਰਾਹੀਂ ਸਕੂਲ ਪੱਧਰ ਅਤੇ ਬਲਾਕ ਪੱਧਰ ਤੇ ਕਰਵਾਇਆ ਗਿਆ ਹੈ। ਹੁਣ ਇਹ ਮੁਕਾਬਲੇ ਜਿਲ੍ਹਾ ਪੱਧਰ ਤੇ ਕਰਵਾਏ ਜਾਣੇ ਹਨ। ਬਲਾਕ ਪੱਧਰ ਦੀ ਤਰ੍ਹਾਂ ਹੀ ਜਿਲ੍ਹਾ ਪੱਧਰ ਤੇ ਕੰਪਿਊਟਰ ਕੁਇਜ਼ ਲਈ Questionnaire ਮੁੱਖ ਦਫਤਰ ਵੱਲੋਂ ਸਾਫਟਵੇਅਰ ਵਿੱਚ ਆਨ-ਲਾਈਨ ਮੁਹੱਈਆ ਕਰਵਾਇਆ ਜਾਵੇਗਾ। ਜਿਲ੍ਹਾ ਪੱਧਰ ਤੇ ਇਹ ਮੁਕਾਬਲੇ [redacted] ਮਿਤੀ 20.12.2017 ਨੂੰ ਕਰਵਾਏ ਜਾਣੇ ਹਨ।

2 ਜਿਲ੍ਹਾ ਪੱਧਰ ਦੇ ਮੁਕਾਬਲਿਆ ਵਿਚੋਂ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਤੇ ਆਏ ਵਿਦਿਆਰਥੀਆਂ ਨੂੰ ਸਟੇਟ ਪੱਧਰ ਤੇ ਮੁਕਾਬਲੇ ਲਈ ਚੁਣਿਆ ਜਾਵੇਗਾ। ਕੰਪਿਊਟਰ ਕੁਇਜ਼ ਕਰਵਾਉਣ ਲਈ ਸਕੂਲ ਦੀ ਚੋਣ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਵੱਲੋਂ ਕੀਤੀ ਜਾਵੇਗੀ। ਸਕੂਲ ਪੱਧਰ ਤੇ ਸਾਫਟਵੇਅਰ ਰਾਹੀਂ ਕੰਪਿਊਟਰ ਕੁਇਜ਼ ਕਰਵਾਉਣ ਲਈ ਜਰੂਰੀ ਹਦਾਇਤਾਂ ਅਤੇ ਸਾਫਟਵੇਅਰ ਵਿਭਾਗ ਦੀ ਵੈੱਬ ਸਾਈਟ ਤੋਂ Daily Circulars ਵਿੱਚ ਦਿੱਤੇ ਲਿੰਕ ਤੋਂ ਡਾਊਨਲੋਡ ਕਰ ਲਏ ਜਾਣ। ਇਸੇ ਤਰ੍ਹਾਂ ਜਿਲ੍ਹਾ ਪੱਧਰ ਤੇ ਕੰਪਿਊਟਰ ਕੁਇਜ਼ ਲਈ ਸਾਫਟਵੇਅਰ ਵਿਭਾਗ ਦੀ ਵੈੱਬ ਸਾਈਟ ਤੋਂ ਦੋਬਾਰਾ ਡਾਊਨਲੋਡ ਕੀਤਾ ਜਾਣਾ ਹੈ, ਜਿਸ ਦਾ ਲਿੰਕ ਵਿਭਾਗ ਦੀ ਵੈੱਬ ਸਾਈਟ ਤੇ Daily Circulars ਅੰਦਰ ਦਿੱਤਾ ਗਿਆ ਹੈ।

3 ਜਿਲ੍ਹਾ ਪੱਧਰ ਤੇ ਕੰਪਿਊਟਰ ਕੁਇਜ਼ ਸਵੇਰੇ 11:00 ਵਜੇ ਸ਼ੁਰੂ ਕੀਤੇ ਜਾਣਗੇ, ਜਿਸ ਲਈ Questionnaire ਮੁੱਖ ਦਫਤਰ ਵੱਲੋਂ ਸਾਫਟਵੇਅਰ ਵਿੱਚ ਇੰਟਰਨੈੱਟ ਰਾਹੀਂ 10 ਮਿੰਟ ਪਹਿਲਾਂ ਉਪਲਬਧ ਕਰਵਾਇਆ ਜਾਵੇਗਾ। ਆਨ-ਲਾਈਨ ਕੰਪਿਊਟਰ ਕੁਇਜ਼ ਲਈ ਸਾਫਟਵੇਅਰ ਸਬੰਧੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:

- ਸ਼੍ਰੀ ਸਲੀਮ ਮੁਹੰਮਦ - 9878260937
- ਸ਼੍ਰੀ ਅਮਰਦੀਪ ਸਿੰਘ - 9781700235

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ

ਪਿੰ.ਅੰ.ਨੰ. ਉਕਤ ਮਿਤੀ: 13.12.17

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਡਿਪਟੀ ਮੇਨੇਜਰ (ਐਮ.ਆਈ.ਐਸ.)
2. ਡੀ.ਪੀ.ਸੀ. (ਰਮਸਾ/ਆਈ.ਸੀ.ਟੀ.) ਨੂੰ ਕੰਪਿਊਟਰ ਕੁਇਜ਼ ਆਪਣੀ ਨਿਗਰਾਨੀ ਵਿੱਚ ਕਰਵਾਉਣ ਲਈ ਲਿਖਿਆ ਜਾਂਦਾ ਹੈ।
3. ਪ੍ਰੋਜੈਕਟ ਕੁਆਰਡੀਨੇਟਰਜ਼ (ਸਰਕਲ)
4. ਸ਼੍ਰੀ ਸਲੀਮ ਮੁਹੰਮਦ ਅਤੇ ਸ਼੍ਰੀ ਅਮਰਦੀਪ ਸਿੰਘ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੰਪਿਊਟਰ ਕੁਇਜ਼ ਵਾਲੇ ਦਿਨ ਸਾਫਟਵੇਅਰ ਸੰਬਧੀ ਜਾਣਕਾਰੀ ਦੇਣ ਲਈ ਫੋਨ ਤੇ ਉਪਲਬਧ ਰਹਿਣਗੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ